ਸੀ ਪੀ ਏ ਤੱਥ ਸ਼ੀਟ

# ਦਿਮਾਗੀ ਲਕਵਾ

Cerebral Palsy
ALLIANCE

## ਦਿਮਾਗ ਦਾ ਲਕਵਾ ਕੀ ਹੈ?

ਸਰੀਬ੍ਰਲ ਪਾਲਜ਼ੀ, ਜਾਂ ਸੀ ਪੀ, ਇੱਕ ਸਮੂਹਿਕ ਸ਼ਬਦ ਹੈ ਜੋ ਕਿ ਕਿਸੇ ਵਿਗਾੜ ਦੇ ਸਮੂਹ ਨੂੰ ਦਰਸਾਉਂਦਾ ਹੈ, ਜੋ ਕਿਸੇ ਵਿਅਕਤੀ ਦੇ ਹਿੱਲਣ -ਜੁਲਣ ਦੀ ਯੋਗਤਾ ਨੂੰ ਪ੍ਰਭਾਵਤ ਕਰਦਾ ਹੈ। ਸਰੀਬ੍ਰਲ ਦਾ ਅਰਥ ਹੈ 'ਦਿਮਾਗ ਦਾ' ਅਤੇ ਪਾਲਜ਼ੀ ਦਾ ਅਰਥ ਹੈ 'ਮਾਸਪੇਸ਼ੀਆਂ ਵਿੱਚ ਨਿਯੰਤਰਣ ਦੀ ਘਾਟ'।

## ਦਿਮਾਗੀ ਲਕਵੇ ਦੀਆਂ ਕਿਸਮਾਂ

ਦਿਮਾਗ਼ੀ ਲਕਵਾ ਮਾਸਪੇਸ਼ੀਆਂ ਦੇ ਨਿਯੰਤਰਣ ਅਤੇ ਤਾਲਮੇਲ ਨੂੰ ਪ੍ਰਭਾਵਤ ਕਰਦਾ ਹੈ, ਇਸ ਲਈ ਇਹ ਇੱਕ ਵਿਅਕਤੀ ਦੇ ਆਸਣ, ਹਿੱਲ-ਜੁੱਲ ਅਤੇ ਸੰਤੁਲਨ ਨੂੰ ਪ੍ਰਭਾਵਤ ਕਰਦਾ ਹੈ। ਕੁਝ ਲੋਕ ਜਿਨ੍ਹਾਂ ਨੂੰ ਦਿਮਾਗ਼ੀ ਲਕਵਾ ਹੁੰਦਾ ਹੈ, ਉਨ੍ਹਾਂ ਨੂੰ ਦੇਖਣ, ਸੁਣਨ, ਬੋਲਣ ਅਤੇ ਸਿੱਖਣ ਦੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ। ਕਈਆਂ ਨੂੰ ਮਿਰਗੀ ਵੀ ਹੁੰਦੀ ਹੈ।

ਗੰਭੀਰ ਕਿਸਮ ਦੇ ਦਿਮਾਗ਼ੀ ਲਕਵੇ ਵਾਲੇ ਲੋਕਾਂ ਨੂੰ ਨਿਗਲਣ, ਸਾਹ ਲੈਣ ਅਤੇ ਖਾਣ ਵਿੱਚ ਮੁਸ਼ਕਲ ਵੀ ਹੋ ਸਕਦੀ ਹੈ। ਉਨ੍ਹਾਂ ਨੂੰ ਆਪਣੇ ਸਿਰ ਅਤੇ ਗਰਦਨ ਨੂੰ ਨਿਯੰਤਰਿਤ ਕਰਨ ਵਿੱਚ ਮੁਸ਼ਕਲ ਹੋ ਸਕਦੀ ਹੈ, ਅਤੇ ਉਨ੍ਹਾਂ ਦੇ ਬਲੈਡਰ (ਪਿਸ਼ਾਬ ਵਾਲੀ ਥੈਲੀ/ਮਸਾਨਾ) ਅਤੇ ਅੰਤੜੀਆਂ ਵਿੱਚ ਮੁਸ਼ਕਲ ਹੋ ਸਕਦੀ ਹੈ।

ਕੁਝ ਲੋਕਾਂ ਨੂੰ ਲੱਗਦਾ ਹੈ ਕਿ ਸਰੀਰ ਦਾ ਇੱਕ ਪਾਸਾ ਦੂਸਰੇ ਨਾਲੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਕਈਆਂ ਨੂੰ ਲੱਗਦਾ ਹੈ ਉਨ੍ਹਾਂ ਦੀਆਂ ਲੱਤਾਂ ਉਨ੍ਹਾਂ ਦੀਆਂ ਬਾਹਾਂ ਨਾਲੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ।

ਹਰ ਵਿਅਕਤੀ ਵੱਖਰਾ ਹੁੰਦਾ ਹੈ। ਇਕ ਵਿਅਕਤੀ ਦੇ ਇਕ ਹੱਥ ਵਿਚ ਕਮਜ਼ੋਰੀ ਹੋ ਸਕਦੀ ਹੈ ਅਤੇ ਲਿਖਣਾ ਜਾਂ ਜੁੱਤੀਆਂ ਦੇ ਤਸਮੇ ਬੰਨ੍ਹਣ ਵਰਗੇ ਕੰਮ ਮੁਸ਼ਕਲ ਹੋ ਸਕਦੇ ਹਨ। ਕਿਸੇ ਹੋਰ ਵਿਅਕਤੀ ਦੀਆਂ ਆਪਣੀਆਂ ਹਰਕਤਾਂ ਜਾਂ ਬੋਲਣ ਤੇ ਬਹੁਤ ਘੱਟ ਜਾਂ ਕੋਈ ਨਿਯੰਤਰਣ ਨਹੀਂ ਹੋ ਸਕਦਾ ਅਤੇ ਉਸ ਨੂੰ ਦਿਨ ਰਾਤ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

## ਕਾਰਨ

ਦਿਮਾਗ਼ੀ ਲਕਵੇ ਵਾਲੇ ਜ਼ਿਆਦਾਤਰ ਲੋਕਾਂ ਲਈ, ਕਾਰਨ ਅਣਜਾਣ ਹੁੰਦਾ ਹੈ ਅਤੇ ਕੋਈ ਇਕ ਕਾਰਨ ਨਹੀਂ ਹੈ। ਇਹ ਦਿਮਾਗ ਨੂੰ ਸੱਟ ਲੱਗਣ ਕਾਰਨ ਹੁੰਦਾ ਹੈ, ਆਮ ਤੌਰ ਤੇ ਜਦੋਂ ਮਾਂ ਗਰਭਵਤੀ ਹੁੰਦੀ ਹੈ ਜਾਂ ਜ਼ਿੰਦਗੀ ਦੇ ਪਹਿਲੇ ਮਹੀਨੇ ਵਿੱਚ।

### ਕਿਹੜੇ ਬੱਚਿਆਂ ਨੂੰ ਸਭ ਤੋਂ ਵੱਧ ਜੋਖਮ ਹੁੰਦਾ ਹੈ?

ਬੱਚਿਆਂ ਨੂੰ ਦੂਸਰਿਆਂ ਨਾਲੋਂ ਵਧੇਰੇ ਦਿਮਾਗ਼ੀ ਲਕਵਾ ਹੋਣ ਦਾ ਖ਼ਤਰਾ ਹੁੰਦਾ ਹੈ ਜੇ:

- ਉਹ ਮੁੰਡੇ ਹਨ
- ਉਹ ਛੋਟੇ ਆਕਾਰ ਦੇ ਪੈਦਾ ਹੁੰਦੇ ਹਨ
- ਉਹ ਜਲਦੀ ਪੈਦਾ ਹੁੰਦੇ ਹਨ
- ਉਹ ਜੁੜਵਾਂ ਜਾਂ ਤਿੰਨਾਂ ਬੱਚਿਆਂ ਵਿਚੋਂ ਇਕ ਹਨ
- ਗਰਭ ਅਵਸਥਾ ਦੌਰਾਨ ਉਨ੍ਹਾਂ ਦੀ ਮਾਂ ਨੂੰ ਲਾਗ ਲੱਗ ਗਈ ਸੀ
- ਜਨਮ ਦੇ ਦੌਰਾਨ ਕੋਈ ਸਮੱਸਿਆ ਸੀ।

ਦਿਮਾਗ਼ੀ ਲਕਵੇ ਵਾਲੇ ਲਗਭਗ 1% ਲੋਕਾਂ ਦੇ ਭਰਾ ਜਾਂ ਭੈਣ ਹੋਣਗੇ ਜਿਹਨਾਂ ਨੂੰ ਇਹੀ ਸਮੱਸਿਆ ਹੋਵੇਗੀ।

## ਲੱਛਣ

ਦਿਮਾਗ਼ੀ ਲਕਵੇ ਦੇ ਸਾਰੇ ਲੱਛਣ ਜਨਮ ਵੇਲੇ ਦਿਖਾਈ ਨਹੀਂ ਦਿੰਦੇ ਹਨ। ਨਵਜੰਮਿਆਂ ਅਤੇ ਬੱਚਿਆਂ ਦੇ ਵਿਕਾਸ ਦੇ ਨਾਲ ਹੀ ਲੱਛਣ ਵਧੇਰੇ ਸਪੱਸ਼ਟ ਹੋ ਸਕਦੇ ਹਨ।

### ਨਿਆਣੇ (ਨਵਜੰਮੇ)

ਦਿਮਾਗ਼ੀ ਅਧਰੰਗ ਵਾਲੇ ਬੱਚੇ ਸ਼ਾਇਦ:

- ਚੁੱਕਣ ਤੇ ਪਿਲਪਿਲੇ ਮਹਿਸੂਸ ਹੋਣ
- ਆਪਣੇ ਸਿਰ ਨੂੰ ਉੱਪਰ ਚੁੱਕ ਕੇ ਨਾ ਰੱਖ ਸਕਣ
- ਮਾਸਪੇਸ਼ੀਆਂ ਜੋ ਕਰੜੀਆਂ ਮਹਿਸੂਸ ਹੁੰਦੀਆਂ ਹਨ
- ਵਿਕਾਸ ਹੌਲੀ ਹੁੰਦਾ ਹੈ
- ਦੁੱਧ ਚੁੰਘਣ ਜਾਂ ਨਿਗਲਣ ਵਿੱਚ ਮੁਸ਼ਕਲ ਆਉਂਦੀ ਹੈ
- ਉਹ ਆਪਣੇ ਸਰੀਰ ਦੇ ਇਕ ਪਾਸੇ ਨੂੰ ਹੀ ਵਰਤਣਾ ਪਸੰਦ ਕਰਦੇ ਹਨ
- ਬਹੁਤ ਸਾਰੀਆਂ ਆਵਾਜ਼ਾਂ ਨਹੀਂ ਕੱਢਦੇ
- ਤੁਹਾਡੇ ਵੱਲ ਬਹੁਤਾ ਧਿਆਨ ਨਹੀਂ ਦਿੰਦੇ।

### ਬੱਚੇ

ਬੱਚਿਆਂ ਦੇ ਸਰੀਰਕ ਵਿਕਾਸ ਵਿੱਚ ਦੇਰੀ ਹੋ ਸਕਦੀ ਹੈ:

- 12-18 ਮਹੀਨਿਆਂ ਦੇ ਵਿਚ ਨਾ ਤੁਰਨਾ
- ਸ਼ਬਦ ਨਹੀਂ ਬੋਲਣੇ ਜਾਂ ਸਧਾਰਣ ਵਾਕਾਂ ਨੂੰ 24 ਮਹੀਨਿਆਂ ਤੱਕ ਨਹੀਂ ਬੋਲਣਾ
- ਇਸ ਤਰ੍ਹਾਂ ਬੋਲਣਾ ਜਿਸ ਨੂੰ ਸਮਝਣਾ ਮੁਸ਼ਕਲ ਹੈ
- ਕੁਝ ਕਿਸਮ ਦੇ ਭੋਜਨ ਖਾਣ ਜਾਂ ਪੀਣ ਵਿੱਚ ਮੁਸ਼ਕਲ ਆਉਂਦੀ ਹੈ।

ਜੇ ਤੁਹਾਡਾ ਬੱਚਾ ਆਮ ਮੀਲ ਪੱਥਰ ਉੱਤੇ ਨਹੀਂ ਪਹੁੰਚ ਰਿਹਾ ਹੈ, ਜਾਂ ਜੇ ਉਹ ਦਿਮਾਗ਼ੀ ਅਧਰੰਗ ਦੇ ਇਨ੍ਹਾਂ ਲੱਛਣਾਂ ਵਿਚੋਂ ਕੁਝ ਦਿਖਾਉਂਦੇ ਹਨ, ਤਾਂ ਤੁਹਾਨੂੰ ਸ਼ੁਰੂਆਤੀ ਬਚਪਨ ਵਾਲੀ ਨਰਸ ਜਾਂ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

**ਸੀ ਪੀ ਏ ਵਿੱਚ ਅਸੀਂ ਉਹਨਾਂ ਨਵਜੰਮਿਆਂ, ਨਿਆਣਿਆਂ, ਕਿਸ਼ੋਰਾਂ ਅਤੇ ਬਾਲਗਾਂ ਦੀ ਅਰਾਮਦੇਹ ਅਤੇ ਸੁਤੰਤਰ ਜ਼ਿੰਦਗੀ ਜਿਉਣ ਵਿੱਚ ਸਹਾਇਤਾ ਕਰਦੇ ਹਾਂ ਜੋ ਨਿਊਰੋਲੋਜੀਕਲ ਅਤੇ ਸਰੀਰਕ ਅਪਾਹਜਤਾ ਨਾਲ ਜਿਉਂਦੇ ਹਨ। ਸਾਡੀਆਂ ਥੈਰੇਪੀ ਟੀਮਾਂ ਵਿਅਕਤੀਆਂ ਅਤੇ ਪਰਿਵਾਰਾਂ ਨਾਲ ਕਈ ਤਰੀਕਿਆਂ ਨਾਲ ਕੰਮ ਕਰਦੀਆਂ ਹਨ। ਇਹ ਜਾਣਨ ਲਈ ਸਾਡੇ ਨਾਲ ਸੰਪਰਕ ਕਰੋ ਕਿ ਅਸੀਂ ਕਿਵੇਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ, ਅਤੇ ਤੁਹਾਡੇ ਬੱਚੇ ਦੇ ਵਿਕਾਸ ਵਿੱਚ ਸੁਧਾਰ ਕਰ ਸਕਦੇ ਹਾਂ।**

## ਰੋਗ ਦਾ ਪਤਾ ਲਗਾਉਣਾ

ਸਰੀਬ੍ਰਲ ਪਾਲਜ਼ੀ ਇਕ ਗੁੰਝਲਦਾਰ ਹਾਲਤ ਹੈ। ਕਈ ਵਾਰ ਇਸ ਦਾ ਪਤਾ ਲਗਾਉਣ ਵਿਚ ਬਾਰ ਬਾਰ ਜਾਂਚ ਅਤੇ ਮਾਹਰਾਂ ਨਾਲ ਮੁਲਾਕਾਤਾਂ ਦੇ ਨਾਲ, ਲੰਮਾ ਸਮਾਂ ਲੱਗ ਸਕਦਾ ਹੈ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਬੱਚੇ ਵਿੱਚ ਹਲਕੇ ਰੂਪ ਦੀ ਸਰੀਬ੍ਰਲ ਪਾਲਜ਼ੀ ਹੁੰਦੀ ਹੈ, ਪਰ ਇਹ ਇਸ ਲਈ ਵੀ ਹੋ ਸਕਦਾ ਹੈ ਕਿਉਂਕਿ ਡਾਕਟਰ ਨੂੰ ਇਹ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਹੁੰਦੀ ਹੈ ਕਿ ਇਹ ਕੋਈ ਹੋਰ ਸਥਿਤੀ ਨਹੀਂ ਹੈ।

ਕਈ ਵਾਰ ਬੱਚੇ ਦੀ ਆਮ ਹਿੱਲ-ਜੁੱਲ ਦਾ ਮੁਲਾਂਕਣ ਹੁੰਦਾ ਹੈ, ਜਿੱਥੇ ਬੱਚੇ ਦਾ ਪੰਜ ਮਿੰਟਾਂ ਦਾ ਵੀਡੀਓ ਬਣਾਇਆ ਜਾਂਦਾ ਹੈ। ਇੱਕ ਸਿਹਤ ਪੇਸ਼ੇਵਰ ਮੁਲਾਂਕਣ ਕਰਦਾ ਹੈ ਕਿ ਬੱਚਾ ਕਿਵੇਂ ਹਿੱਲਦਾ ਹੈ। ਇਹ ਜਨਮ ਤੋਂ ਪੰਜ ਮਹੀਨਿਆਂ ਦੀ ਉਮਰ ਤਕ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਜੇ ਆਮ ਹਿੱਲ -ਜੁੱਲ ਦੇ ਮੁਲਾਂਕਣ ਤੋਂ ਇਹ ਸੁਝਾਅ ਮਿਲਦਾ ਹੈ ਕਿ ਬੱਚੇ ਨੂੰ 'ਦਿਮਾਗ਼ੀ ਲਕਵਾ ਹੋਣ ਦਾ ਖ਼ਤਰਾ ਹੈ', ਤਾਂ ਇਲਾਜ ਅਤੇ ਸਹਾਇਤਾ ਜਿੰਨੀ ਜਲਦੀ ਹੋ ਸਕੇ ਸ਼ੁਰੂ ਹੋ ਸਕਦੀ ਹੈ। ਬੱਚੇ ਨੂੰ ਇਲਾਜ ਸ਼ੁਰੂ ਕਰਨ ਲਈ ਰੋਗ ਦਾ ਸਪੱਸ਼ਟ ਪਤਾ ਲਗਾਉਣ ਦੀ ਜ਼ਰੂਰਤ ਨਹੀਂ ਹੁੰਦੀ।

ਜੇ ਤੁਸੀਂ ਚਿੰਤਤ ਹੋ, ਆਪਣੇ ਡਾਕਟਰ ਅਤੇ ਸ਼ੁਰੂਆਤੀ ਬਚਪਨ ਦੀ ਨਰਸ ਨਾਲ ਗੱਲ ਕਰੋ। ਜੇ ਤੁਹਾਡੀਆਂ ਚਿੰਤਾਵਾਂ ਦਾ ਹੱਲ ਨਹੀਂ ਕੀਤਾ ਜਾਂਦਾ, ਤਾਂ ਇਕ ਹੋਰ ਸਲਾਹ ਲਓ।

### ਡਾਕਟਰ ਦਿਮਾਗੀ ਲਕਵੇ ਦਾ ਪਤਾ ਕਿਵੇਂ ਲਗਾਉਂਦੇ ਹਨ?

ਉਹ ਬੱਚੇ ਦੀਆਂ ਹਰਕਤਾਂ ਅਤੇ ਉਨ੍ਹਾਂ ਦੀਆਂ ਮਾਸਪੇਸ਼ੀਆਂ ਕਿਵੇਂ ਮਹਿਸੂਸ ਹੁੰਦੀਆਂ ਹਨ, ਵੱਲ ਵਿਸ਼ੇਸ਼ ਧਿਆਨ ਦੇਣਗੇ। ਡਾਕਟਰ ਵੀ ਕਿਸੇ ਵੀ ਅਸਾਧਾਰਣ ਮੁਦਰਾ ਨੂੰ ਲੱਭਣਗੇ ਜਾਂ ਜੇ ਬੱਚਾ ਇਕ ਪਾਸੇ ਨੂੰ ਦੂਜੇ ਪਾਸੇ ਨਾਲੋਂ ਜਿਆਦਾ ਤਰਜੀਹ ਦੇਂਦਾ ਹੈ।

ਉਹ ਐਮ ਆਰ ਆਈ ਜਾਂ ਸੀਟੀ ਵਰਗੇ ਸਕੈਨ ਕਰਵਾਉਣ ਲਈ ਕਹਿ ਸਕਦੇ ਹਨ। ਅਤੇ ਉਹ ਤੁਹਾਡੇ ਨਾਲ ਗੱਲ ਕਰਨਗੇ ਅਤੇ ਤੁਹਾਡੀਆਂ ਚਿੰਤਾਵਾਂ ਨੂੰ ਸੁਣਨਗੇ।

## ਦਿਮਾਗ਼ੀ ਲਕਵੇ ਨਾਲ ਜਿਓਣਾ

ਸਰੀਬ੍ਰਲ ਪਾਲਜ਼ੀ ਦੀ ਜਾਂਚ ਕਰਵਾਉਣਾ ਬਹੁਤ ਤਣਾਅ ਪੂਰਕ ਹੋ ਸਕਦਾ ਹੈ। ਕੁਝ ਮਾਪੇ ਸੋਚਦੇ ਹਨ ਕਿ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਸੀ, ਜਾਂ ਕਿ ਇਹ ਉਹਨਾਂ ਕਰਕੇ ਹੋਇਆ ਹੈ। ਇਹ ਸੱਚ ਨਹੀਂ ਹੈ। ਜੋ ਹੋ ਰਿਹਾ ਹੈ ਉਸ ਨਾਲ ਸਮਝੌਤਾ ਕਰਨ ਲਈ ਪਰਿਵਾਰਾਂ ਨੂੰ ਸਮੇਂ ਦੀ ਜ਼ਰੂਰਤ ਹੋਏਗੀ। ਇੱਕ ਡਾਕਟਰ, ਮਨੋਵਿਗਿਆਨਕ, ਸਲਾਹਕਾਰ ਜਾਂ ਸਮਾਜ ਸੇਵਕ ਅਤੇ ਸਰੀਬ੍ਰਲ ਪਾਲਜ਼ੀ ਅਲਾਇੰਸ (ਗਠਜੋੜ ) ਨਾਲ ਗੱਲ ਕਰਨਾ ਬਹੁਤ ਮਦਦਗਾਰ ਹੋ ਸਕਦਾ ਹੈ।

## ਇਲਾਜ ਅਤੇ ਚਿਕਿਤਸਾ

ਆਦਰਸ਼ਕ ਤੌਰ ਤੇ, ਸਰੀਬ੍ਰਲ ਪਾਲਜ਼ੀ ਵਾਲੇ ਬੱਚਿਆਂ ਦੀ ਦੇਖਭਾਲ ਇੱਕ ਬਹੁ-ਅਨੁਸ਼ਾਸਨੀ ਟੀਮ ਦੁਆਰਾ ਕੀਤੀ ਜਾਏਗੀ ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਜੀ ਪੀ
- ਮਾਹਰ ਜਿਵੇਂ ਕਿ ਬੱਚਿਆਂ ਦੇ ਮਾਹਰ ਡਾਕਟਰ, ਨਿਊਰੋਲੋਜਿਸਟ, ਸਰਜਨ ਜਾਂ ਹੋਰ
- ਇੱਕ ਪੇਸ਼ੇਵਰ ਥੈਰੇਪਿਸਟ ਜੋ ਬੱਚਿਆਂ ਦੀ ਕੰਮਾਂ ਵਿਚ ਜਿਵੇਂ ਕਿ ਸੁਤੰਤਰ ਰੂਪ ਵਿੱਚ ਕੱਪੜੇ ਪਾਉਣ ਜਾਂ ਆਪਣੇ ਆਪ ਭੋਜਨ ਖਾਣ ਵਿੱਚ ਸਹਾਇਤਾ ਕਰਦਾ ਹੈ, ਅਤੇ ਜੋ ਢੁਕਵੀਆਂ ਖੇਡ ਗਤੀਵਿਧੀਆਂ ਬਾਰੇ ਸਲਾਹ ਦੇ ਸਕਦਾ ਹੈ
- ਇੱਕ ਫ਼ਿਜ਼ੀਓਥੈਰੇਪਿਸਟ ਜੋ ਬੱਚਿਆਂ ਨੂੰ ਚੀਜ਼ਾਂ ਨੂੰ ਚੁੱਕਣ ਅਤੇ ਚੱਲਣ ਜਿਹੇ ਹੁਨਰਾਂ ਵਿੱਚ ਸਹਾਇਤਾ ਕਰਦਾ ਹੈ, ਅਤੇ ਮਾੜੇ ਸੰਤੁਲਨ ਅਤੇ ਮਾਸਪੇਸ਼ੀ ਦੀ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਨਾਲ ਵੀ ਨਜਿੱਠ ਸਕਦਾ ਹੈ
- ਇੱਕ ਸਪੀਚ ਪੈਥੋਲੋਜਿਸਟ ਜੋ ਭਾਸ਼ਾ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ ਅਤੇ ਬੋਲੀ ਦੀਆਂ ਸਮੱਸਿਆਵਾਂ ਦਾ ਇਲਾਜ ਕਰ ਸਕਦਾ ਹੈ
- ਇੱਕ ਬਾਲ ਮਨੋਵਿਗਿਆਨੀ, ਜੋ ਸਮੁੱਚੇ ਵਿਕਾਸ ਵੱਲ ਧਿਆਨ ਦੇ ਸਕਦਾ ਹੈ ਅਤੇ ਵਿਵਹਾਰਕ ਜਾਂ ਭਾਵਨਾਤਮਕ ਸਮੱਸਿਆਵਾਂ ਦਾ ਇਲਾਜ ਕਰ ਸਕਦਾ ਹੈ
- ਇੱਕ ਆਡੀਓਲੋਜਿਸਟ, ਜੋ ਬੱਚੇ ਦੇ ਸੁਣਨ ਦਾ ਮੁਲਾਂਕਣ ਅਤੇ ਸਲਾਹ ਦੇ ਸਕਦਾ ਹੈ
- ਇਕ ਵਿਸ਼ੇਸ਼ ਵਿਦਿਅਕ ਅਧਿਆਪਕ, ਜੋ ਸ਼ੁਰੂਆਤੀ ਦਖਲਅੰਦਾਜ਼ੀ (ਅਰਲੀ ਇੰਟਰਵੈਂਸ਼ਨ ) ਪ੍ਰੋਗਰਾਮ ਪੇਸ਼ ਕਰਨ ਵਿਚ ਮਦਦ ਕਰ ਸਕਦਾ ਹੈ ਅਤੇ ਪ੍ਰੀ-ਸਕੂਲ ਅਤੇ ਸਕੂਲ ਵਿਚ ਬੱਚੇ ਦੀ ਸਹਾਇਤਾ ਕਰ ਸਕਦਾ ਹੈ।

ਬਹੁ-ਅਨੁਸ਼ਾਸਨੀ ਟੀਮ ਬੱਚੇ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਬਾਰੇ ਗੱਲ ਕਰੇਗੀ, ਅਤੇ ਯੋਜਨਾ ਤਿਆਰ ਕਰਨ ਲਈ ਬੱਚੇ ਦੇ ਪਰਿਵਾਰ ਨਾਲ ਕੰਮ ਕਰੇਗੀ। ਇਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ:

- ਇਸ ਤੇ ਕੰਮ ਕਰਨਾ ਕਿ ਤੁਸੀਂ ਸਭ ਤੋਂ ਪਹਿਲਾਂ ਕਿਸ ਨਾਲ ਸੰਪਰਕ ਕਰਨਾ ਹੈ
- ਸੁਧਾਰ ਨੂੰ ਵੇਖਣ ਲਈ ਨਿਯਮਤ ਮੁਲਾਂਕਣ ਲਈ ਇੱਕ ਯੋਜਨਾ ਸਥਾਪਤ ਕਰਨਾ
- ਕੁਝ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ।

**ਦੁਭਾਸ਼ੀਏ ਤੁਹਾਡੀਆਂ ਸਾਰੀਆਂ ਮੁਲਾਕਾਤਾਂ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਉਪਲਬਧ ਹਨ। ਦੁਭਾਸ਼ੀਏ ਸਰਕਾਰ ਵਲੋਂ ਮੁਫਤ ਦਿਤੇ ਜਾਂਦੇ ਹਨ ਅਤੇ ਤੁਹਾਡੀ ਐਨ ਡੀ ਆਈ ਐਸ ਯੋਜਨਾ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ।**


**ਸਾਡੇ ਨਾਲ ਸੰਪਰਕ ਕਰੋ:**

ਸਾਨੂੰ 1300 888 378 ਤੇ ਫੋਨ ਕਰੋ

ask@cerebralpalsy.org.au ਤੇ ਸਾਨੂੰ ਈਮੇਲ ਕਰੋ

ਵੇਖੋ cerebralpalsy.org.au


Cerebral Palsy ALLIANCE